



 ISSN : 2395-1273 www.sanvad.org

# ਪੰਜਾਬ ਦਾ ਗੁੱਜਰ ਕਬੀਲਾ

## ਸਮਾਜ ਸਭਿਆਚਾਰਕ ਪਰਿਪੇਖ



**ਡਾ. ਹਰਪ੍ਰੀਤ**
ਐਸੋਸੀਏਟ ਪ੍ਰੋਫ਼ੈਸਰ
ਕੰਨਿਆ ਮਹਾਂਵਿਦਿਆਲਾ
ਜਲੰਧਰ
84275-55520



**ਡਾ. ਦਵਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਕੰਨਿਆ ਮਹਾਂ ਵਿਦਿਆਲਾ
ਜਲੰਧਰ

'ਕਬੀਲਾ' ਅੰਗਰੇਜ਼ੀ ਸ਼ਬਦ ਟਰਾਈਬ (Tribe) ਦਾ ਪੰਜਾਬੀ ਅਨੁਵਾਦ ਹੈ। ਕਬੀਲਾ ਇਕ ਅਜਿਹਾ ਸਮਾਜਿਕ ਸਮੂਹ ਹੁੰਦਾ ਹੈ, ਜਿਸਦੇ ਮੈਂਬਰ ਇਕ ਸਾਂਝੀ ਉਪਭਾਸ਼ਾ ਬੋਲਦੇ ਹਨ, ਜਿਨ੍ਹਾਂ ਦਾ ਆਪਣਾ ਵਿਧਾਨ ਤੇ ਆਪਣੇ ਕਾਨੂੰਨ ਹੁੰਦੇ ਹਨ।[1] ਕਬੀਲਾ ਉਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਸਾਂਝੇ ਇਲਾਕੇ ਵਿਚ ਵਸਦੇ ਹੋਣ, ਜਿਨ੍ਹਾਂ ਦੀਆਂ ਆਪਣੀਆਂ ਵੱਖਰੀਆਂ ਰਸਮਾਂ ਰੀਤਾਂ ਹੋਣ।[2] ਵੱਖਰੀਆਂ-ਵੱਖਰੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਬੀਲੇ ਦੇ ਕੁਝ ਸਾਂਝੇ ਲੱਛਣ ਨਿਰਧਾਰਿਤ ਕੀਤੇ ਜਾ ਸਕਦੇ ਹਨ, ਜਿਸ ਆਧਾਰ 'ਤੇ ਕਿਸੇ ਕਬੀਲੇ ਦੀ ਪਹਿਚਾਣ ਕੀਤੀ ਜਾ ਸਕਦੀ ਹੈ:

> ਕਬੀਲੇ ਦਾ ਇਕ ਸਾਂਝਾ ਇਲਾਕਾ, ਇਕ ਸਾਂਝੀ ਉਪਭਾਸ਼ਾ, ਆਪਣਾ ਸ਼ਾਸਨ ਅਤੇ ਨਿਆਂ ਪ੍ਰਬੰਧ ਹੁੰਦਾ ਹੈ। ਇਸ ਸ਼ਾਸਨ ਨੂੰ ਚਲਾਉਣ ਵਾਸਤੇ ਕਬੀਲੇ ਦਾ ਸਰਦਾਰ ਅਤੇ ਇਕ ਪੰਚਾਇਤ ਵੀ ਹੁੰਦੀ ਹੈ, ਜੋ ਸਮੂਹ ਕਬੀਲੀਆਂ ਦੇ ਸੰਗਠਨ ਨੂੰ ਨਜਿੱਠਦੀ ਹੈ। ਅੰਤਰ-ਜਾਤੀ ਵਿਆਹ ਕਬੀਲੇ ਦਾ ਵਿਸ਼ੇਸ਼ ਲੱਛਣ ਹੁੰਦਾ ਹੈ। ਹਰ ਕਬੀਲੇ ਦੇ ਆਪਣੇ-ਆਪਣੇ ਰਸਮ-ਰਿਵਾਜ ਹੁੰਦੇ ਹਨ। ਕਬੀਲੇ ਦਾ ਇਕ ਸਾਂਝਾ ਵਿਰਸਾ ਹੁੰਦਾ ਹੈ। ਕਬੀਲੇ ਦੀ ਵਿਲੱਖਣਤਾ ਸਾਂਝੇ ਕਾਰਜਾਂ ਕਰਕੇ ਹੁੰਦੀ ਹੈ। ਕਬੀਲੇ ਵਿਚ ਮਨਾਹੀਆਂ ਬਹੁਤ ਸਖਤੀ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ।[3]

ਕਬੀਲਾ ਸਮਾਜ ਦੀ ਭਾਸ਼ਾ, ਕਿੱਤਾ ਅਤੇ ਪਹਿਰਾਵਾ ਵੱਖਰਾ ਹੋਣ ਕਰਕੇ ਹੀ ਇਸ ਸਮਾਜ ਨੇ ਆਪਣੀ ਵੱਖਰੀ ਹੋਂਦ ਤੇ ਪਛਾਣ ਨੂੰ ਕਾਇਮ ਰੱਖਿਆ ਹੋਇਆ ਹੈ। ਕਬੀਲਾ ਅਧਿਐਨ (Tribal Studies) ਸਮਾਜ ਵਿਗਿਆਨ ਦੇ ਅੰਤਰਗਤ ਅਧਿਐਨ ਦਾ ਇਕ ਨਵਾਂ ਖੇਤਰ ਹੈ। ਟਰਾਈਬਲ ਸਟੱਡੀਜ਼ ਨੇ ਵਿਸ਼ਵ ਪੱਧਰ 'ਤੇ ਅਧਿਐਨ ਖੇਤਰ ਵਿਚ ਵੱਡਾ ਮੋੜ ਲਿਆਂਦਾ ਹੈ। ਅਜਿਹੇ ਅਧਿਐਨ ਨਾਲ ਮਨੁੱਖੀ ਸਭਿਆਚਾਰ ਦੀਆਂ ਜੜ੍ਹਾਂ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਇਸ ਅਧਿਐਨ ਰਾਹੀਂ ਪਛੜੇ ਸਮਝੇ ਜਾਂਦੇ ਕਬੀਲਾ ਸਮਾਜਾਂ ਦੀ ਬਣਤਰ, ਜੀਵਨ-ਜਾਚ ਅਤੇ ਕਦਰਾਂ-ਕੀਮਤਾਂ ਨੂੰ ਸਮਝਿਆ ਜਾ ਸਕਦਾ ਹੈ। ਆਪਣੇ ਮਾਨਵੀ ਸੁਭਾਅ ਕਰਕੇ ਇਹ ਕਬੀਲੇ ਸਭਿਅਕ ਸਮਾਜਾਂ ਲਈ ਦਰਪਣ ਬਣ ਸਕਦੇ ਹਨ। ਇਹ ਕਬੀਲੇ ਆਧੁਨਿਕ ਜੀਵਨ ਤੋਂ ਦੂਰ ਹੋਣ ਦੇ ਬਾਵਜੂਦ ਆਰਥਿਕ ਸ਼ੋਸ਼ਣ ਨੂੰ ਜਨਮ ਦੇਣ ਵਾਲੀਆਂ ਸੰਸਥਾਵਾਂ ਅਤੇ ਸਮਾਜਕ ਉਚ-ਨੀਚ ਵਾਲੀ ਜਾਤ-ਪਾਤੀ ਪ੍ਰਣਾਲੀ ਤੋਂ ਵੀ ਮੁਕਤ ਹਨ। ਇਨ੍ਹਾਂ ਕਬੀਲਿਆਂ ਦੀ ਔਰਤ ਅਨਪੜ੍ਹ ਹੋਣ ਦੇ ਬਾਵਜੂਦ ਸਭਿਅਕ ਸਮਾਜ ਦੀ ਇਸਤਰੀ ਦੇ ਮੁਕਾਬਲੇ ਵਧੇਰੇ ਗੌਰਵਸ਼ਾਲੀ ਸਥਿਤੀ ਵਿਚ ਹੈ। ਭਾਰਤ ਵਿਚ ਕਬੀਲਾ ਅਧਿਐਨ ਬਸਤੀਵਾਦੀ ਦੌਰ ਵਿਚ ਆਰੰਭ ਹੋਇਆ।

19ਵੀਂ ਸਦੀ ਦੇ ਅੰਤਲੇ ਪੜਾਅ 'ਤੇ ਅੰਗਰੇਜ਼ਾਂ ਨੇ ਪੰਜਾਬ ਵਿਚ ਵੱਸਦੀਆਂ ਭਿੰਨ-ਭਿੰਨ ਜਾਤਾਂ, ਨਸਲੀ ਸਮੂਹਾਂ, ਕਬੀਲਿਆਂ ਆਦਿ ਦੇ ਸਭਿਆਚਾਰ ਨੂੰ ਜਾਨਣ-ਸਮਝਣ ਲਈ ਵਿਦਵਾਨਾਂ ਕੋਲੋਂ ਪੁਸਤਕਾਂ ਤਿਆਰ ਕਰਵਾਉਣ ਦਾ ਪ੍ਰੋਜੈਕਟ ਆਰੰਭਿਆ। ਇਸ ਲੜੀ ਵਿਚ ਸਰ ਡੈਂਜ਼ਲ ਇਬੈਟਸਨ ਦੀ ਨਿਰਦੇਸ਼ਨਾ ਹੇਠ ਤਿਆਰ ਕਰਵਾਈ ਗਈ ਪੁਸਤਕ **A Glossary of Tribes and Castes of Punjab & N.W.F.Province (1883)** ਇਸ ਖੇਤਰ ਵਿਚ ਮੁੱਢਲਾ ਪਰ ਮਹੱਤਵਪੂਰਣ ਉਪਰਾਲਾ ਹੈ। ਇਸ ਲੜੀ ਵਿਚ ਸ਼ੇਰ ਸਿੰਘ ਸ਼ੇਰ ਦੀ ਪੁਸਤਕਾਂ **Sansies of Punjab (1965)** ਅਤੇ **Sikligar of the Punjab** (1966) ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ।

ਪੰਜਾਬੀ ਵਿਚ ਟਰਾਈਬਲ ਸਟੱਡੀਜ਼ ਦਾ ਆਰੰਭ 20ਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਹੋਇਆ ਹੈ। ਪੰਜਾਬੀ ਵਿਚ ਕਬੀਲਿਆਂ ਦੇ ਜੀਵਨ-ਦਰਸ਼ਨ ਅਤੇ ਕਾਰ-ਵਿਹਾਰ ਨੂੰ ਸਮਝਣ ਲਈ ਮਨੋਵਿਗਿਆਨਕ, ਸਮਾਜ ਵਿਗਿਆਨਕ, ਮਾਨਵ ਵਿਗਿਆਨਕ ਅਤੇ ਭਾਸ਼ਾ ਵਿਗਿਆਨਕ ਅਧਿਐਨ-ਵਿਧੀਆਂ ਰਾਹੀਂ ਕਰਨ ਦਾ ਯਤਨ ਕੀਤਾ ਗਿਆ ਹੈ। ਕਿਰਪਾਲ ਕਜ਼ਾਕ (**ਸ਼ਿਕਲੀਗਰ ਕਬੀਲੇ ਦਾ ਸਭਿਆਚਾਰ**, 1990, **ਲੋਕ ਪਰੰਪਰਾ ਅਤੇ ਕਬੀਲਾ ਸਭਿਆਚਾਰ** 1994, **ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ**, 2005), ਡਾ. ਦਰਿਆ (ਖੋਜ-ਪ੍ਰਬੰਧ: **ਪੰਜਾਬ ਦੇ ਸਾਂਸੀ ਕਬੀਲੇ ਦਾ ਵਿਆਹ ਪ੍ਰਬੰਧ**, 1994, **ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ**, 1997, **ਪੰਜਾਬ ਦੇ ਕਬੀਲੇ:ਅਤੀਤ ਤੇ ਵਰਤਮਾਨ**, 2014), ਡਾ.ਕਰਨੈਲ ਸਿੰਘ ਥਿੰਦ (**ਪੰਜਾਬ ਦਾ ਲੋਕ ਵਿਰਸਾ**, 1996), ਜਾਂਬਾ ਮਮਤਾ (**ਗੁੱਜਰ ਕਬੀਲੇ ਦਾ ਸਭਿਆਚਾਰ**, 2015), ਭੁਪਿੰਦਰ ਕੌਰ (**ਬੀਤ ਦੇ ਗੁੱਜਰਾਂ ਦਾ ਸਭਿਆਚਾਰ**, 2010), ਸ਼ੇਰ ਚੰਦ (**ਢੋਲੇ ਵੱਲੂ ਰਾਮ ਬਾਜ਼ੀਗਰ ਦੇ**), ਡਾ. ਸੁਖਦੇਵ ਸਿੰਘ ਸੇਖੋਂ (ਖੋਜ-ਪ੍ਰਬੰਧ:**ਗੁੱਜਰ ਕਬੀਲੇ ਦਾ ਸਭਿਆਚਾਰਕ ਅਧਿਐਨ**,1998, **ਗੁੱਜਰ ਕਬੀਲੇ ਦੇ ਲੋਕ ਗੀਤ**, 2003), ਡਾ. ਚਮਨ ਲਾਲ (ਖੋਜ-ਪ੍ਰਬੰਧ:**ਪੰਜਾਬ ਦੇ ਖਾਨਾਬਦੋਸ਼ ਕਬੀਲੇ ਤੇ ਆਧੁਨਿਕਤਾ ਦਾ ਪ੍ਰਭਾਵ**, 1999), ਮੀਨੂ (ਖੋਜ-ਪ੍ਰਬੰਧ:**ਬਾਜ਼ੀਗਰ ਕਬੀਲੇ ਦੇ ਰਵਾਇਤੀ ਸਭਿਆਚਾਰ ਤੇ ਲੋਕਧਾਰਾ ਦਾ ਵਿਸ਼ਲੇਸ਼ਣਾਤਮਕ ਅਧਿਐਨ**, 2006), ਕਰਮ ਸਿੰਘ ਵਕੀਲ (**ਗੋਆਰ ਰਾਜਪੂਤਾਂ ਬਾਜ਼ੀਗਰਾਂ ਦਾ ਇਤਿਹਾਸ**, 2009), ਜਸਵਿੰਦਰ ਸ਼ਰਮਾ (**ਬਾਜ਼ੀਗਰ ਕਬੀਲਾ ਅਤੇ ਲੋਕਧਾਰਾ**, 2011), ਡਾ.ਹਰਿੰਦਰ ਸਿੰਘ (ਖੋਜ-ਪ੍ਰਬੰਧ:**ਪੰਜਾਬ ਦੇ ਬੌਰੀਆ ਕਬੀਲੇ ਦਾ ਸਭਿਆਚਾਰਕ ਮਾਨਵ ਵਿਗਿਆਨਕ ਅਧਿਐਨ**, 2012), ਸੁਰਿੰਦਰ ਸਿੰਘ ਚੱਕਪੱਖੀ (ਖੋਜ-ਪ੍ਰਬੰਧ:**ਮਾਹਤਮ ਕਬੀਲੇ ਦਾ ਸਭਿਆਚਾਰਕ ਅਧਿਐਨ**, 2013), ਇੰਦਰ ਸਿੰਘ ਵਲਜੋਤ (**ਗੁਆਰ ਰਾਜਪੂਤਾਂ/ਬਾਜ਼ੀਗਰਾਂ ਦਾ ਇਤਿਹਾਸ**, 2009) ਅਤੇ ਮੋਹਨ ਤਿਆਗੀ (**ਬਾਜ਼ੀਗਰ ਕਬੀਲੇ ਦਾ ਸਭਿਆਚਾਰ**, 2013), ਬਲਮ ਲੀਂਬਾ (**ਮਰਾਸੀ ਕਬੀਲਾ ਅਤੇ ਭਾਈ ਮਰਦਾਨਾ**, 2013) ਆਦਿ ਵਿਦਵਾਨਾਂ ਨੇ ਇਸ ਖੇਤਰ ਵਿਚ ਮਹੱਤਵਪੂਰਣ ਕੰਮ ਕੀਤਾ ਹੈ।

ਪੰਜਾਬ ਵਿਚ 30 ਦੇ ਲਗਭਗ ਕਬੀਲੇ ਹਨ। ਡਾ.ਕਰਨੈਲ ਸਿੰਘ ਥਿੰਦ ਨੇ ਆਪਣੀ ਪੁਸਤਕ **ਪੰਜਾਬ ਦਾ ਲੋਕ ਵਿਰਸਾ** ਭਾਗ ਪਹਿਲਾ ਵਿਚ 27 ਟੱਪਰੀਵਾਸ ਕਬੀਲਿਆਂ ਬਾਰੇ ਚਰਚਾ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਕਬੀਲਿਆਂ ਸਬੰਧੀ ਸਰਕਾਰ ਦੇ ਇਕ ਪ੍ਰੋਜੈਕਟ ਦੀ ਰਿਪੋਰਟ ਵਿਚ 8 ਕਬੀਲਿਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਇਸ ਰਿਪੋਰਟ ਅਨੁਸਾਰ ਸਾਂਸੀ, ਬੌਰੀਆ, ਬਾਜ਼ੀਗਰ, ਬਰੜ, ਗੰਧੀਲੇ, ਨਟ ਅਤੇ ਗੁੱਜਰ ਕਬੀਲਿਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬ ਵਿਚ ਕੁਝ ਕਬੀਲੇ ਮਿਲਦੇ ਹਨ, ਜੋ ਖ਼ਾਨਾਬਦੋਸ਼ ਕਬੀਲਾਈ ਜੀਵਨ ਜਿਊਂਦੇ ਹੋਏ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਇਨ੍ਹਾਂ ਕਬੀਲਿਆਂ ਵਿਚ ਮਦਾਰੀ , ਗਾਡੀ ਲੁਹਾਰ, ਸ਼ਿਕਲੀਗਰ ਅਤੇ ਮਾਹਤਮ ਕਬੀਲਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।[4] ਇਹ ਖੋਜ-ਪੱਤਰ ਪੰਜਾਬ ਦੇ ਗੁੱਜਰ ਕਬੀਲੇ ਦੇ ਸਮਾਜ-ਸੱਭਿਆਚਾਰ ਪਰਿਪੇਖ ਨਾਲ ਸਬੰਧਤ ਹੈ। ਗੁੱਜਰ ਕਬੀਲਾ ਪੁਰਾਤਨ ਕਬੀਲਿਆਂ ਵਿਚੋਂ ਇਕ ਹੈ। ਇਸ ਕਬੀਲੇ ਨੂੰ ਗੁੱਜਰ, ਗੂਜਰ, ਗੋਜਰ ਅਤੇ ਵੀਰ ਗਜੋਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। 'ਗੁੱਜਰ' ਸ਼ਬਦ ਗੁਰਜਰ ਦਾ ਹੀ ਅਪਭ੍ਰੰਸ਼ ਹੈ। ਇਸ ਸ਼ਬਦ ਦੇ ਕੋਸ਼ਕ ਅਰਥ 'ਯੋਧਾ' ਲਏ ਜਾਂਦੇ ਹਨ।[5]

ਗੁੱਜਰ ਜਾਤੀ ਨੂੰ ਸੂਰਯਵੰਸ਼ੀ ਜਾਂ ਰਘੁਵੰਸ਼ੀ ਵੀ ਮੰਨਿਆ ਗਿਆ ਹੈ। ਪ੍ਰਾਚੀਨ ਮਹਾਂਕਵੀ ਰਾਜਸ਼ੇਖਰ ਨੇ ਗੁੱਜਰਾਂ ਨੂੰ "ਰਘੁਕੁੱਲ ਤਿਲਕ ਜਾਂ ਰਘੁਗ੍ਰਾਮਣੀ" ਵੀ ਕਿਹਾ ਹੈ।[6] ਨੌਵੀਂ ਦਸਵੀਂ ਸ਼ਤਾਬਦੀ ਦੇ ਗੁੱਜਰ ਸ਼ਿਲਾਲੇਖਾਂ ਉੱਤੇ ਸੂਰਯਦੇਵ ਦੀਆਂ ਕਲਾਕ੍ਰਿਤੀਆਂ ਵੀ ਇਨ੍ਹਾਂ ਦੇ ਸੂਰਯਵੰਸ਼ੀ ਹੋਣ ਦੀ ਪੁਸ਼ਟੀ ਕਰਦੀਆਂ ਹਨ।[7] ਰਾਜਸਥਾਨ ਵਿਚ ਅੱਜ ਵੀ ਗੁੱਜਰਾਂ ਨੂੰ ਸਨਮਾਨ ਨਾਲ 'ਮੇਹਰ' ਬੋਲਦੇ ਹਨ ਜਿਸਦਾ ਅਰਥ 'ਸੂਰਜ' ਹੁੰਦਾ

ਹੈ।[8] ਕੁਝ ਇਤਿਹਾਸਕਾਰਾਂ ਦੇ ਅਨੁਸਾਰ ਗੁੱਜਰ ਮੱਧ ਏਸ਼ੀਆ ਦੇ ਕਾਕਸ ਖੇਤਰ ਤੋਂ ਆਏ ਆਰੀਆ ਯੋਧਾ ਸਨ।[9] ਕੁਝ ਵਿਦਵਾਨ ਇਨ੍ਹਾਂ ਨੂੰ ਵਿਦੇਸ਼ੀ ਵੀ ਦੱਸਦੇ ਹਨ ਕਿਉਂਕਿ ਗੁੱਜਰਾਂ ਦਾ ਨਾਮ ਇਕ ਅਭਿਲੇਖ ਵਿਚ ਹੂਨ ਜਾਤੀ ਨਾਲ ਮਿਲਦਾ ਹੈ ਪਰ ਇਸਦਾ ਕੋਈ ਇਤਿਹਾਸਕ ਪ੍ਰਮਾਣ ਨਹੀਂ ਹੈ।[10] ਸੰਸਕ੍ਰਿਤ ਦੇ ਵਿਦਵਾਨਾਂ ਅਨੁਸਾਰ ਗੁੱਜਰ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਜਿਸਦਾ ਅਰਥ 'ਸ਼ੱਤਰੂ ਦਾ ਨਾਸ਼ ਕਰਨ ਵਾਲਾ' ਅਰਥਾਤ 'ਸ਼ੱਤਰੂ ਵਿਨਾਸ਼ਕ' ਹੁੰਦਾ ਹੈ।[11] ਪ੍ਰਾਚੀਨ ਮਹਾਂਕਵੀ ਰਾਜਸ਼ੇਖਰ ਨੇ ਗੁੱਜਰ ਨਰੇਸ਼ ਮਹਿਪਾਲ ਨੂੰ ਆਪਣੇ ਮਹਾਂਕਾਵਿ ਵਿਚ ਦਹਾੜਦਾ ਗੁੱਜਰ ਕਹਿ ਕੇ ਸੰਬੋਧਿਤ ਕੀਤਾ ਹੈ।[12]

ਕੁਝ ਇਤਿਹਾਸਕਾਰ ਕੁਸ਼ਾਨਾਂ ਨੂੰ ਗੁੱਜਰ ਦੱਸਦੇ ਹਨ ਅਤੇ ਕਨਿਸ਼ਕ ਦੇ ਰਬਾਤਕ ਸ਼ਿਲਾਲੇਖ ਤੇ ਅੰਕਿਤ 'ਗਸੂਰ' ਨੂੰ 'ਗੁੱਜਰ' ਦਾ ਹੀ ਇਕ ਰੂਪ ਦੱਸਿਆ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਗਸ਼ੂਰ ਜਾਂ ਗੁੱਜਰ ਲੋਕ ਜੇਤੂ ਦੇ ਰੂਪ ਵਿਚ ਭਾਰਤ ਵਿਚ ਆਏ ਕਿਉਂਕਿ 'ਗਸ਼ੂਰ' ਦਾ ਅਰਥ 'ਉੱਚਕਲੀਨ' ਹੁੰਦਾ ਹੈ।[13] ਸਾਹਿਤ ਅਤੇ ਮਿੱਥਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਇਸ ਕਬੀਲੇ ਦਾ ਪਿਛੋਕੜ ਰਾਜਪੂਤਾਂ ਨਾਲ ਜੋੜਿਆ ਜਾਂਦਾ ਹੈ। ਗੁੱਜਰ ਮੁੱਖ ਰੂਪ ਵਿਚ ਉੱਤਰ ਭਾਰਤ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਵੱਸੇ ਹੋਏ ਹਨ। ਇਸ ਜਾਤੀ ਦਾ ਨਾਮ ਅਫਗਾਨਿਸਤਾਨ ਦੇ ਰਾਸ਼ਟਰੀ ਗੀਤ ਵਿਚ ਵੀ ਆਉਂਦਾ ਹੈ। ਗੁੱਜਰਾਂ ਦੇ ਇਤਿਹਾਸਕ ਪ੍ਰਭਾਵ ਦੇ ਕਾਰਣ ਉੱਤਰ ਭਾਰਤ ਅਤੇ ਪਾਕਿਸਤਾਨ ਦੇ ਬਹੁਤ ਸਾਰੇ ਸਥਾਨ ਗੁੱਜਰ ਜਾਤੀ ਦੇ ਨਾਂ ਤੇ ਰੱਖੇ ਗਏ ਹਨ ਜਿਵੇਂ ਕਿ ਭਾਰਤ ਦਾ ਗੁਜਰਾਤ ਰਾਜ, ਪਾਕਿਸਤਾਨੀ ਪੰਜਾਬ ਦਾ ਗੁਜਰਾਤ ਜ਼ਿਲਾ, ਗੁੱਜਰਾਂਵਾਲਾ ਜ਼ਿਲਾ ਅਤੇ ਰਾਵਲਪਿੰਡੀ ਜ਼ਿਲੇ ਦਾ ਗੁੱਜਰਖਾਨ ਸ਼ਹਿਰ।[14]

ਭਾਰਤ ਇਕ ਵਿਸ਼ਾਲ ਦੇਸ਼ ਹੈ। ਇਸ ਵਿਚ ਬਹੁਤ ਸਾਰੇ ਸਮੂਹ ਵਿਚਰਦੇ ਵੇਖੇ ਜਾ ਸਕਦੇ ਹਨ। ਇਨ੍ਹਾਂ ਨੂੰ ਜੀਵਨ ਵਿਹਾਰ ਦੇ ਪੈਟਰਨਾਂ ਦੇ ਆਧਾਰ ਤੇ ਵੱਖ-ਵੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਕਬੀਲਿਆਂ ਦੀ ਆਪਣੀ ਇਕ ਵੱਖਰੀ ਪਛਾਣ ਹੈ। ਜਿਸ ਕਾਰਨ ਇਹ ਖਿੱਚ ਦਾ ਕਾਰਨ ਬਣਦੇ ਹਨ। ਕਬੀਲਾ ਪ੍ਰਣਾਲੀ ਪੂਰੀ ਦੁਨੀਆਂ ਵਿਚ ਪ੍ਰਚਲਿਤ ਹੈ। ਭਾਰਤ ਵਿਚ ਦੋ ਪ੍ਰਕਾਰ ਦੇ ਕਬੀਲਿਆਂ ਦੀ ਹੋਂਦ ਪਾਈ ਜਾਂਦੀ ਹੈ:ਆਦਿਵਾਸੀ ਕਬੀਲੇ: ਆਦਿਵਾਸੀ ਕਬੀਲੇ ਜੰਗਲਾਂ ਵਿਚ ਵਾਸ ਕਰਦੇ ਹਨ। ਇਹ ਆਪਣੇ ਵਿਚ ਕਿਸੇ ਬਾਹਰ ਦੇ ਵਿਅਕਤੀ ਨੂੰ ਸ਼ਾਮਲ ਨਹੀ ਹੋਣ ਦਿੰਦੇ। ਇਨ੍ਹਾਂ ਤਕ ਪਹੁੰਚ ਕਰਨੀ ਬਹੁਤ ਔਖੀ ਹੈ। ਘੁਮੰਤੂ ਕਬੀਲੇ: ਇਹ ਕਬੀਲੇ ਜਿਸ ਪਾਸਿਓ ਵੀ ਲੰਘਦੇ ਹਨ ਭੂਗੋਲਿਕ ਚੌਗਿਰਦੇ ਦਾ ਪ੍ਰਭਾਵ ਬਹੁਤ ਕਬੂਲਦੇ ਹਨ। ਇਨ੍ਹਾਂ ਵਿਚ ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਰੂਪਾਂਤਰਣ ਵੀ ਮਿਲਦਾ ਹੈ। ਇਨ੍ਹਾਂ ਕੋਲ ਸਮਾਜਕ ਖੁੱਲ ਮੌਜੂਦ ਹੁੰਦੀ ਹੈ।[15]

ਭਾਰਤ ਵਿਚ ਉਤਰ ਪ੍ਰਦੇਸ਼, ਪੰਜਾਬ, ਰਾਜਸਥਾਨ, ਗੁਜਰਾਤ, ਹਿਮਾਚਲ ਪ੍ਰਦੇਸ਼, ਹਰਿਆਣਾ, ਜੰਮੂ ਅਤੇ ਕਸ਼ਮੀਰ ਗੁੱਜਰ ਕਬੀਲੇ ਦੇ ਇਲਾਕੇ ਹਨ। ਇਨ੍ਹਾਂ ਵਿਚ ਅਜੇ ਵੀ ਆਧੁਨਿਕਤਾ ਦਾ ਪ੍ਰਭਾਵ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸ ਕਬੀਲੇ ਦੇ ਲੋਕ ਕਿਸੇ ਬਾਹਰੀ ਵਿਅਕਤੀ ਨੂੰ ਆਪਣੇ ਜੀਵਨ-ਵਿਹਾਰ ਵਿਚ ਪੂਰੀ ਤਰ੍ਹਾਂ ਘੁਲਣ ਨਹੀਂ ਦਿੰਦੇ। ਗੁੱਜਰ ਕਬੀਲਾ ਬੇਸ਼ੱਕ ਆਰਥਿਕ ਤੌਰ ਤੇ ਗਰੀਬ ਸਮਾਜਿਕ ਪੱਧਰ ਤੇ ਪੱਛੜਿਆ ਹੋਇਆ ਹੈ, ਪਰ ਸੱਭਿਆਚਾਰਕ ਪੱਧਰ ਉੱਪਰ ਬਹੁਤ ਅਮੀਰ ਹੈ। ਪ੍ਰਾਚੀਨ ਕਾਲ ਤੋਂ ਯੁੱਧ ਕਲਾ ਵਿਚ ਨਿਪੁੰਨ ਰਹੇ ਗੁੱਜਰ ਮੁੱਖ ਰੂਪ ਵਿਚ ਖੇਤੀ ਅਤੇ ਪਸ਼ੂ ਪਾਲਣ ਦੇ ਧੰਦੇ ਨਾਲ ਜੁੜੇ ਹੋਏ ਹਨ। ਇਹ ਲੋਕ ਆਪਣੀ ਖੇਤੀ ਤੋਂ ਇਲਾਵਾ ਪਸ਼ੂ ਪਾਲਣ ਅਤੇ ਦੁੱਧ ਵੇਚਣ ਦਾ ਕੰਮ ਕਰਦੇ ਹਨ। ਇਹ ਗਾਵਾਂ, ਮੱਝਾਂ ਅਤੇ ਬੱਕਰੀਆਂ ਵੀ ਪਾਲਦੇ ਹਨ। ਜਦੋਂ ਇਨ੍ਹਾਂ ਦੇ ਇਲਾਕਿਆਂ ਵਿਚ ਬਾਰਿਸ਼ ਨਹੀ ਪੈਂਦੀ ਜਾਂ ਘੱਟ ਪੈਂਦੀ ਹੈ ਤਾਂ ਇਹ ਆਪਣੇ ਪਸ਼ੂਆਂ ਸਮੇਤ ਘਾਹ ਦੇ ਮੈਦਾਨਾਂ ਵੱਲ ਆ ਜਾਂਦੇ ਹਨ। ਗੁੱਜਰ ਕਬੀਲਾ ਆਪਣੀਆਂ ਅਸਥਾਈ ਝੌਂਪੜੀਆਂ ਜਾਂ ਤੰਬੂ ਲਗਾ ਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਦਾ ਕਿੱਤਾ ਬਹੁਤ ਮਿਹਨਤ ਵਾਲਾ ਹੈ। ਇਨ੍ਹਾਂ ਨੂੰ ਰੋਜੀ-ਰੋਟੀ ਲਈ ਸਖ਼ਤ ਘਾਲਣਾ ਘਾਲਣੀ ਪੈਂਦੀ ਹੈ।[16]

ਗੁੱਜਰ ਕਬੀਲੇ ਨੇ ਇਲਾਕੇ ਦੇ ਅਨੁਸਾਰ ਹਿੰਦੂ ਅਤੇ ਇਸਲਾਮ ਧਰਮ ਨੂੰ ਅਪਣਾ ਲਿਆ ਹੈ। ਇਨ੍ਹਾਂ ਦੀਆਂ ਆਪਣੀਆਂ ਵਿਲੱਖਣ ਰਹੁ-ਰੀਤਾਂ, ਪੂਜਾ-ਵਿਧੀਆਂ ਅਤੇ ਲੋਕ ਕਲਾਵਾਂ ਹਨ।[17] ਗੁੱਜਰ ਜੋ ਮੁੱਖ ਰੂਪ ਵਿਚ ਮੁਸਲਮਾਨ ਧਰਮ ਨਾਲ ਸਬੰਧਿਤ ਹਨ, ਕਬੀਲੇ ਦੀਆਂ ਪੁਰਾਣੀਆਂ ਰੀਤਾਂ, ਰਸਮਾਂ ਨੂੰ ਨਾਲ ਲੈ ਕੇ ਚੱਲਦੇ ਹਨ। ਗੁੱਜਰਾਂ ਦਾ ਸਮਾਜਕ ਜੀਵਨ, ਧਾਰਮਿਕ ਜੀਵਨ ਨਾਲ ਜੁੜਿਆ ਹੋਇਆ ਹੈ। ਧਰਮ ਉਨ੍ਹਾਂ ਦੇ ਜੀਵਨ ਵਿਚ ਜਨਮ ਤੋਂ ਲੈ ਕੇ ਮੌਤ ਤਕ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਗੁੱਜਰ ਕਬੀਲੇ ਦੇ ਲੋਕ ਪੁਰਾਣੀਆਂ ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਦੀ ਬਹੁਤ ਸਖ਼ਤੀ ਨਾਲ ਪਾਲਣਾ ਕਰਦੇ ਹਨ। ਗੁੱਜਰ ਕਬੀਲੇ ਵਿਚ ਜਨਮ, ਵਿਆਹ ਅਤੇ ਮੌਤ ਨਾਲ ਸਬੰਧਤ ਵੱਖ-ਵੱਖ ਰਸਮਾਂ ਰੀਤਾਂ ਮਿਲਦੀਆਂ ਹਨ:[18] ਜਨਮ: ਬੱਚੇ ਦੇ ਜਨਮ ਤੋਂ ਕੁਝ

ਸਮਾਂ ਬਾਅਦ ਸੁੰਨਤ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬੱਚੇ ਦੇ ਨਾਮਕਰਨ ਸਮੇਂ ਇਕੱਤਰ ਹੋਏ ਕਬੀਲੇ ਦੇ ਲੋਕਾਂ ਵਿਚ ਗੁੜ, ਪਤਾਸੇ, ਹਲਵਾ ਅਤੇ ਖੀਰ ਆਦਿ ਵਰਤਾਏ ਜਾਂਦੇ ਹਨ। ਮੁੰਡੇ ਅਤੇ ਕੁੜੀ ਦੇ ਜਨਮ ਸਮੇਂ ਬੱਕਰਾ ਵੱਢਿਆ ਜਾਂਦਾ ਹੈ। ਪਰ ਮੁੰਡੇ ਦੇ ਜਨਮ ਸਮੇਂ ਦੋ (2) ਅਤੇ ਕੁੜੀ ਦੇ ਜਨਮ ਸਮੇਂ ਇਕ ਬੱਕਰਾ ਵੱਢਿਆ ਜਾਂਦਾ ਹੈ। ਇਸ ਕਬੀਲੇ ਵਿਚ ਰਸਮਾਂ ਰੀਤਾਂ ਇਸਲਾਮ ਧਰਮ ਵਾਲੀਆਂ ਹਨ।[19] ਵਿਆਹ ਪ੍ਰਬੰਧ :ਗੁੱਜਰ ਕਬੀਲੇ ਦੇ ਵਿਆਹ ਪ੍ਰਬੰਧ ਦਾ ਧੁਰਾ ਨਿਕਾਹ ਅਧਾਰਿਤ ਹੈ, ਜੋ ਮੁਸਲਿਮ ਪਰੰਪਰਾ ਅਨੁਸਾਰ ਨਿਭਾਇਆ ਜਾਂਦਾ ਹੈ। ਗੁੱਜਰਾਂ ਵਿਚ ਮੁੱਲ ਦਾ ਵਿਆਹ, ਵੱਟੇ ਦਾ ਵਿਆਹ, ਪੁੰਨ ਦਾ ਵਿਆਹ ਪ੍ਰਚੱਲਿਤ ਹਨ। ਕਬੀਲੇ ਵਿਚ ਬਹੁ-ਵਿਆਹ ਆਮ ਗੱਲ ਹੈ। ਕਬੀਲੇ ਵਿਚ ਹੁਣ ਵੀ ਛੋਟੀ ਉਮਰ ਦੇ ਵਿਆਹਾਂ ਦੀ ਰੀਤ ਦੀ ਪਾਲਣਾ ਕੀਤੀ ਜਾਂਦੀ ਹੈ। ਵਿਆਹ ਲਈ ਲੜਕੇ ਦੀ ਉਮਰ 15 ਸਾਲ ਅਤੇ ਲੜਕੀ ਦੀ ਉਮਰ 12 ਸਾਲ ਮਿਥੀ ਜਾਂਦੀ ਸੀ ਪਰ ਆਜ਼ਾਦੀ ਤੋਂ ਬਾਅਦ ਵਿਆਹ ਦੀ ਹੱਦ ਮਿਥ ਦਿੱਤੇ ਜਾਣ ਕਰਕੇ ਹੁਣ ਇਸ ਵਿਚ ਬਦਲਾਅ ਆ ਰਿਹਾ ਹੈ। ਆਮ ਤੌਰ 'ਤੇ ਇਕ ਇਸਤਰੀ ਦਾ ਇਕ ਪੁਰਸ਼ ਨਾਲ ਵਿਆਹ ਦੀ ਪਰੰਪਰਾ ਪ੍ਰਚਲਿਤ ਹੈ ਪਰ ਕਿਤੇ ਕਿਤੇ ਇਕ ਪੁਰਸ਼ ਵਧੇਰੇ ਇਸਤਰੀਆਂ ਨਾਲ ਵਿਆਹ ਵੀ ਕਰਵਾ ਸਕਦਾ ਹੈ। ਦਾਜ ਨਕਦੀ ਅਤੇ ਵਸਤਾਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਤਲਾਕ ਦਾ ਰੁਝਾਨ ਬਹੁਤ ਘੱਟ ਪ੍ਰਚਲਿਤ ਹੈ। ਵਿਧਵਾ ਅਤੇ ਤਲਾਕਸ਼ੁਦਾ ਇਸਤਰੀ ਨੂੰ ਪੁਨਰ-ਵਿਆਹ ਕਰਵਾਉਣ ਦੀ ਆਗਿਆ ਹੈ ਸਿਵਾਏ ਰਾਜਸਥਾਨ ਤੋਂ। ਸੰਧੂਰ, ਬਿੰਦੀ, ਕੱਚ ਦੀਆਂ ਚੂੜੀਆਂ, ਨੱਕ ਵਿਚ ਕੋਕਾ, ਮੁੰਦਰੀਆਂ ਵਿਆਹੀਆਂ ਔਰਤਾਂ ਦੇ ਪਛਾਣ ਚਿੰਨ੍ਹ ਹਨ।[20] ਗੁੱਜਰ ਸਜਾਤੀ ਵਿਆਹ ਵਿਚ ਵਿਸ਼ਵਾਸ ਰੱਖਦੇ ਹਨ। ਆਪਣੀ ਗੋਤ ਤੋਂ ਬਾਹਰ ਵਿਆਹ ਵਰਜਿਤ ਹੈ। ਇਸ ਪਰੰਪਰਾ ਦੀ ਉਲੰਘਣਾ ਕਰਨ ਵਾਲੇ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ ਅਤੇ ਪੀੜ੍ਹੀ - ਦਰ-ਪੀੜ੍ਹੀ ਇਹ ਕਲੰਕ ਉਸਦੇ ਨਾਂ ਨਾਲ ਜੁੜ ਜਾਂਦਾ ਹੈ। ਮੌਤਃ ਗੁੱਜਰਾਂ ਵਿਚ ਮੌਤ ਤੋਂ ਬਾਅਦ ਦਫ਼ਨਾਉਣ ਦੀ ਰਸਮ ਕੀਤੀ ਜਾਂਦੀ ਹੈ।[21]

ਗੁੱਜਰ ਵੱਖ-ਵੱਖ ਧਰਮਾਂ ਅਤੇ ਵਿਭਿੰਨ ਭਾਸ਼ਾਵਾਂ ਨਾਲ ਸਬੰਧਿਤ ਹਨ। ਬੇਸ਼ੱਕ ਗੁੱਜਰ ਜਿਥੇ ਰਹਿੰਦੇ ਹਨ ਉਸ ਇਲਾਕੇ ਅਤੇ ਦੇਸ਼ ਦੀ ਭਾਸ਼ਾ ਬੋਲ ਲੈਂਦੇ ਹਨ ਪਰ ਗੁੱਜਰ ਕਬੀਲੇ ਦੀ ਆਪਣੀ ਭਾਸ਼ਾ ਗੋਜਰੀ ਹੈ, ਜੋ ਕਈ ਉੱਤਰੀ-ਭਾਰਤੀ ਭਾਸ਼ਾਵਾਂ ਦਾ ਮਿਸ਼ਰਣ ਹੈ। ਗੁੱਜਰਾਂ ਨੇ ਆਪਣੀ ਭਾਸ਼ਾ ਵਿਚ ਹੀ ਆਪਣੇ ਲੋਕ ਗੀਤ, ਅਖਾਣ, ਮੁਹਾਵਰੇ ਅਤੇ ਬੁਝਾਰਤਾਂ ਆਦਿ ਰਚੀਆਂ ਹਨ। ਇਨ੍ਹਾਂ ਦੀ ਆਪਣੀ ਗੁਪਤ ਭਾਸ਼ਾ ਵੀ ਹੁੰਦੀ ਹੈ। ਇਲਾਕਿਆਂ ਦੇ ਹਿਸਾਬ ਨਾਲ ਇਨ੍ਹਾਂ ਨੇ ਹਿੰਦੀ, ਭੋਜਪੁਰੀ, ਉਰਦੂ, ਪੰਜਾਬੀ, ਗੁਜਰਾਤੀ, ਰਾਜਸਥਾਨੀ, ਮਾਰਵਾੜੀ, ਮਰਾਠੀ ਤੇ ਪਸ਼ਤੋ ਵਿਚ ਬੋਲਣ ਦੀ ਮੁਹਾਰਤ ਪ੍ਰਾਪਤ ਕਰ ਲਈ ਹੈ।[22] ਗੁੱਜਰ ਕਬੀਲੇ ਵਿਚ ਔਰਤ ਦੀ ਸਥਿਤੀ ਓਨੀ ਦਮਨ ਵਾਲੀ ਨਹੀਂ ਜਿੰਨੀ ਕਿ ਮੁੱਖ ਸਮਾਜ ਵਿਚ ਹੈ। ਇਸਦਾ ਮੁੱਖ ਕਾਰਨ ਕਬੀਲਿਆਂ ਦੇ ਖਾਨਾਬਦੋਸ਼ ਜੀਵਨ ਜਿਉਣ ਦੇ ਢੰਗ-ਤਰੀਕਿਆਂ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਖਾਨਾਬਦੋਸ਼ ਜੀਵਨ ਜਿਊਣ ਕਰਕੇ ਕਬੀਲਾਈ ਸਭਿਆਚਾਰ ਵਿਚ ਔਰਤ ਉਪਰ ਮਰਦ ਸਮਾਜ ਦੀ ਨਿਰਭਰਤਾ ਵੀ ਵਧੇਰੇ ਹੈ ਕਿਉਂਕਿ ਔਰਤ ਰੋਜ਼ੀ-ਰੋਟੀ ਕਮਾਉਣ ਦੇ ਕਬੀਲਾਈ ਢੰਗ ਤਰੀਕਿਆਂ ਵਿਚ ਬਰਾਬਰ ਦੀ ਭਾਈਵਾਲ ਬਣਦੀ ਹੈ। ਗੁੱਜਰ ਕਬੀਲੇ ਵਿਚ ਪਸ਼ੂਆਂ ਨੂੰ ਪਾਲ ਕੇ ਦੁੱਧ ਦਾ ਉਤਪਾਦਨ ਕਰਨਾ ਅਤੇ ਇਸ ਨੂੰ ਨਾਲ ਲਗਦੇ ਇਲਾਕਿਆਂ ਵਿਚ ਵੇਚਣ ਵਿਚ ਔਰਤਾਂ ਮਰਦਾਂ ਦੇ ਬਰਾਬਰ ਦੀ ਭੂਮਿਕਾ ਨਿਭਾਉਂਦੀਆਂ ਹਨ। ਗੁੱਜਰ ਕਬੀਲੇ ਵਿਚ ਪਸ਼ੂ ਧਨ ਦੀ ਆਰਥਿਕਤਾ ਮਰਦਾਂ ਅਤੇ ਔਰਤਾਂ ਦੋਵਾਂ ਦੁਆਰਾ ਸੰਭਾਲੀ ਜਾਂਦੀ ਹੈ। ਇਸ ਪ੍ਰਕਾਰ ਇਸਤਰੀਆਂ ਕਬੀਲਾਈ ਸਭਿਆਚਾਰ ਦੀ ਆਰਥਿਕਤਾ ਦੀ ਮੁੱਖ ਚੂਲ ਬਣਦੀਆਂ ਹਨ। ਗੁੱਜਰ ਕਬੀਲਾ ਵਿਦਿਆ ਪ੍ਰਾਪਤੀ ਦੇ ਖੇਤਰ ਵਿਚ ਕਾਫੀ ਪਛੜਿਆ ਹੋਇਆ ਹੈ। ਇਸ ਕਬੀਲੇ ਦੀਆਂ ਔਰਤਾਂ ਪੜ੍ਹਾਈ ਲਿਖਾਈ ਤੋਂ ਵਿਰਵੀਆਂ ਹਨ ਪਰ ਉਹ ਲੋਕ-ਕਲਾਵਾਂ (ਲੋਕ-ਸੰਗੀਤ, ਲੋਕ-ਨ੍ਰਿਤ ਅਤੇ ਲੋਕ ਕਹਾਣੀਆਂ) ਦੇ ਖੇਤਰ ਵਿਚ ਆਪਣੀ ਵਿਲੱਖਣ ਪ੍ਰਤਿਭਾ ਕਰਕੇ ਜਾਣੀਆਂ ਜਾਂਦੀਆਂ ਹਨ। ਭਾਰਤ ਦੇ ਸਾਰੇ ਪ੍ਰਾਂਤਾਂ ਨਾਲੋਂ ਪੰਜਾਬ ਵਿਚ ਮਰਦਾਂ ਅਤੇ ਔਰਤਾਂ ਦੇ ਲਿੰਗ ਅਨੁਪਾਤ ਵਿਚ ਔਰਤਾਂ ਦੀ ਗਿਣਤੀ ਸਭ ਤੋਂ ਘੱਟ ਹੈ ਪਰ ਕਬੀਲਿਆਂ ਵਿਚ ਅਜਿਹਾ ਨਹੀਂ ਹੈ ਸਗੋਂ ਕਬੀਲਿਆਂ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵੱਧ ਹੈ। ਔਰਤ ਦੀ ਸਥਿਤੀ ਦਮਨਕਾਰੀ ਨਾ ਹੋਣ ਕਰਕੇ ਵਿਕਸਿਤ ਅਤੇ ਸਭਿਅਕ ਕਹੇ ਜਾਂਦੇ ਸਮਾਜ ਦੀਆਂ ਭਰੂਣ ਹੱਤਿਆ ਅਤੇ ਲਿੰਗ ਨਿਰਧਾਰਣ ਟੈਸਟ ਵਰਗੀਆਂ ਅਣਮਨੁੱਖੀ ਅਲਾਮਤਾਂ ਇਨ੍ਹਾਂ ਕਬੀਲਿਆਂ ਵਿਚ ਪੈਦਾ ਨਹੀਂ ਹੋਈਆਂ।[23] ਤਿਉਹਾਰ : ਗੁੱਜਰ ਕਬੀਲੇ ਦੀ ਜੀਵਨ-ਜਾਚ ਦਾ ਅਟੁੱਟ ਹਿੱਸਾ ਹਨ। ਇਹ ਇਲਾਕੇ ਨਾਲ ਸਬੰਧਿਤ ਸਾਰੇ ਪ੍ਰਚਲਿਤ ਤਿਉਹਾਰ ਬੜੇ ਚਾਅ ਨਾਲ ਮਨਾਉਂਦੇ ਹਨ। ਈਦ ਗੁੱਜਰਾਂ ਦਾ ਮਨ ਭਾਉਂਦਾ ਤਿਉਹਾਰ ਹੈ। ਪੀਰਾਂ ਫਕੀਰਾਂ ਪ੍ਰਤੀ ਗੁੱਜਰ ਕਬੀਲੇ ਵਿਚ ਅਥਾਹ ਸ਼ਰਧਾ ਹੁੰਦੀ ਹੈ।[24]

ਗੁੱਜਰ ਕਬੀਲੇ ਦਾ ਵਿਸ਼ੇਸ਼ ਕਿਸਮ ਦਾ ਪਹਿਰਾਵਾ ਹੈ। ਮਰਦ ਖੱਬੇ ਪਾਸੇ ਲੜ ਛੱਡ ਕੇ ਪੱਗ ਬੰਨਦੇ ਹਨ ਅਤੇ ਲੰਬੇ ਕੁੜਤੇ ਅਤੇ ਚਾਦਰੇ ਬੰਨਣ ਦੇ ਸ਼ੌਕੀਨ ਹਨ। ਵੱਡੀ ਉਮਰ ਦੇ ਮਰਦ ਆਪਣੀ ਦਾਹੜੀ ਨੂੰ ਮਹਿੰਦੀ ਨਾਲ ਰੰਗਦੇ ਹਨ। ਕੰਨਾਂ ਵਿਚ ਨੱਤੀਆਂ ਅਤੇ ਹੱਥਾਂ ਵਿਚ ਮੁੰਦਰੀਆਂ ਪਾਉਣ ਦੇ ਸ਼ੌਕੀਨ ਹਨ। ਔਰਤਾਂ ਮਰਦਾਂ ਵਰਗੀ ਕਮੀਜ਼ ਅਤੇ ਘੱਗਰੇ ਪਹਿਨਦੀਆਂ ਹਨ। ਇਹ ਕਾਲੇ ਰੰਗ ਦੇ ਕੱਪੜੇ ਸ਼ੌਕ ਨਾਲ ਪਾਉਂਦੀਆਂ ਹਨ। ਔਰਤਾਂ ਮਰਦਾਂ ਵਰਗੀ ਹੀ ਕਮੀਜ਼ ਅਤੇ ਪੌਂਚੇ ਤੋਂ ਤੰਗ ਸਲਵਾਰ ਪਹਿਨਦੀਆਂ ਹਨ।[25] ਗੁੱਜਰ ਕਬੀਲਾ ਪਸ਼ੂ ਪਾਲਣ ਨਾਲ ਸਬੰਧਿਤ ਹੈ ਇਸ ਲਈ ਦੁੱਧ, ਘਿਉ, ਲੱਸੀ, ਦਹੀਂ, ਪਨੀਰ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਹਿੰਦੂ ਗੁੱਜਰਾਂ ਵਿਚ ਮਾਸ ਖਾਣ ਅਤੇ ਸ਼ਰਾਬ ਪੀਣ ਦੀ ਮਨਾਹੀ ਹੈ। ਮੁਸਲਿਮ ਗੁੱਜਰਾਂ ਵਿਚ ਮਾਸ ਵਿਸ਼ੇਸ਼ ਮੌਕਿਆਂ 'ਤੇ ਖਾਧਾ ਜਾਂਦਾ ਹੈ ਪਰ ਬੱਕਰੇ, ਮੁਰਗੇ ਅਤੇ ਦੁੰਬੇ ਤੋਂ ਬਗੈਰ ਹੋਰ ਜਾਨਵਰ ਦਾ ਮਾਸ ਖਾਣਾ ਤੇ ਸ਼ਰਾਬ ਪੀਣੀ ਵਰਜਿਤ ਹੈ। ਬੇਸ਼ੱਕ ਇਹ ਮਾਸਾਹਾਰੀ ਕਬੀਲਾ ਹੈ ਅਤੇ ਪਸ਼ੂਆਂ ਦਾ ਮਾਸ ਖਾਣਾ ਇਨ੍ਹਾਂ ਦੇ ਭੋਜਨ ਦਾ ਮਹੱਤਵਪੂਰਣ ਹਿੱਸਾ ਹੈ ਪਰ ਸੂਰ ਦਾ ਮਾਸ ਖਾਣਾ ਵਰਜਿਤ ਹੈ।[26] ਗੁੱਜਰ ਕਬੀਲਾ ਪਛੜੀਆਂ ਜਾਤੀਆਂ (SC) ਦੇ ਅੰਤਰਗਤ 1% ਰਾਖਵਾਂਕਰਣ ਦਾ ਹੱਕਦਾਰ ਹੈ। ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਗੁੱਜਰ ਭਾਰਤ ਸਰਕਾਰ ਦੇ ਰਾਖਵਾਂਕਰਣ ਪ੍ਰੋਗਰਾਮ ਅਧੀਨ ਪਛੜੇ ਕਬੀਲੇ (ST) ਦੇ ਅੰਤਰਗਤ ਵਿਚਾਰੇ ਜਾਂਦੇ ਹਨ। ਪੰਜਾਬੀ ਸਮਾਜ ਵਿਚ ਕਬੀਲੇ ਆਪਣੀ ਵੱਖਰੀ ਪਹਿਚਾਣ ਅਤੇ ਹੋਂਦ ਨੂੰ ਬਰਕਰਾਰ ਰੱਖਣ ਦੀ ਜੱਦੋ ਜਹਿਦ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਹਨ। ਇਹ ਕਬੀਲਾਈ ਸਮੂਹ ਪੰਜਾਬੀ ਸਭਿਆਚਾਰ ਦੇ ਅੰਤਰਗਤ ਆ ਜਾਣ ਤੋਂ ਬਾਅਦ ਵੀ ਆਪਣੀ ਵੱਖਰੀ ਸਮਾਜਕ ਸਭਿਆਚਾਰਕ ਪਹਿਚਾਣ ਰੱਖਦੇ ਹਨ। ਕਬੀਲਾਈ ਸਮੂਹ ਦੀ ਵੱਖਰਤਾ ਇਨ੍ਹਾਂ ਦੀ ਲੋਕਧਾਰਾ ਵਿਚੋਂ ਸਪੱਸ਼ਟ ਰੂਪ ਵਿਚ ਝਲਕਦੀ ਹੈ ਅਜਿਹੇ ਕਬੀਲੇ ਆਪਣੇ ਖਾਣ-ਪੀਣ, ਪਹਿਰਾਵੇ, ਭਾਸ਼ਾ ਅਤੇ ਕਿੱਤੇ ਕਰਕੇ ਦੂਜੇ ਸਮਾਜਕ ਸਭਿਆਚਾਰਾਂ ਤੋਂ ਵੱਖਰੇ ਪ੍ਰਤੀਤ ਹੁੰਦੇ ਹਨ। ਪੰਜਾਬ ਦਾ ਕਬੀਲਾ ਸਮਾਜ ਕੁਝ ਤਬਦੀਲੀਆਂ ਹੋਣ ਦੇ ਬਾਵਜੂਦ ਆਪਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਲੈ ਕੇ ਚੱਲ ਰਿਹਾ ਹੈ। ਬਹੁਤ ਸਾਰੇ ਕਬੀਲੇ ਪੰਜਾਬੀ ਸਭਿਆਚਾਰ ਵਿਚ ਰਲਗੱਡ ਹੋ ਚੁੱਕੇ ਹਨ। ਕਬੀਲਾਈ ਸਮਾਜ ਦੀ ਅਮੀਰ ਵਿਰਾਸਤ ਨੂੰ ਸੰਭਾਲ ਕੇ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਇਸ ਨਾਲ ਕਬੀਲਿਆਂ ਦੇ ਵੱਖਰੇ-ਵੱਖਰੇ ਜੀਵਨ-ਵਿਹਾਰ ਨੂੰ ਸਮਝਿਆ ਜਾ ਸਕਦਾ ਹੈ, ਜਿਸ ਨਾਲ ਉਨ੍ਹਾਂ ਦੀ ਭਾਸ਼ਾ ਤੇ ਸਭਿਆਚਾਰਕ ਪੈਟਰਨਾਂ ਨੂੰ ਸਮਝਣ ਵਿਚ ਸਹਾਇਤਾ ਮਿਲੇਗੀ। ਭਾਵੇਂ ਗੁੱਜਰ ਸਮੂਹ ਕਿੱਤੇ ਅਤੇ ਆਰਥਿਕਤਾ ਦੇ ਪੱਖ ਤੋਂ ਵਿਕਸਿਤ ਹੋ ਰਿਹਾ ਹੋਵੇ ਪਰ ਫਿਰ ਵੀ ਇਨ੍ਹਾਂ ਵਿਚ ਕਬੀਲਾ ਭਾਵਨਾ ਅਜੇ ਖਤਮ ਨਹੀਂ ਹੋਈ। ਕਬੀਲੇ ਦੀਆਂ ਪੁਰਾਣੀਆਂ ਮਾਨਤਾਵਾਂ ਦਾ ਲੋਕ ਅਜੇ ਵੀ ਪੂਰਾ ਸਤਿਕਾਰ ਕਰਦੇ ਹਨ।

**ਹਵਾਲੇ :**


1. **Encyclopaedia of Britanica,** Vol 22, P 336.
2. ਡੀ.ਐੱਨ.ਮਜੂਮਦਾਰ, **ਭਾਰਤੀ ਸੰਸਕ੍ਰਿਤੀ ਤੇ ਜਾਤੀਆਂ**, ਪੰਨਾ 415.
3. ਡਾ.ਦਰਿਆ, **ਪੰਜਾਬ ਦੇ ਕਬੀਲੇ : ਅਤੀਤ ਤੇ ਵਰਤਮਾਨ**, 2014, ਪੰਨਾ 38.
4. **ਉਹੀ**, ਪੰਨਾ 38.
5. ਕਿਰਪਾਲ ਕਜ਼ਾਕ, **ਲੋਕ ਪਰੰਪਰਾ ਤੇ ਕਬੀਲਾ ਸਭਿਆਚਾਰ**, ਪੰਨਾ 44.
6. "Some Aspects of Ancient Indian Culture", Devadatta Ramakrishna Bhandarkar, **Asian Educational Service**, P64,1989.
7. **Sunworship in Ancient India**, Lalta Parsdad Pandey, Motilal Banarsidas, P245,1971.
8. **Gazetteer of the Bombay Presidency**,Vol 9, Part-1, P479, 1901.
9. Sri Sankara Bhagvatpadacaryu's Saundaryalahari, **Chandrasekharendra Saraswati,** P339, 2001.
10. "Gujjars of Jammu &Kashmir", **Indira Gandhi Rashtriya Manav Sangrahalaya,** P4.

11. **Cencus of India**,V20, Part 6, Issue 27,1961, P7.
12. **Gazetteer of the Bombay Presidency,**Vol 9, Part-1, P481,1901
13. Bharatiya Sawantvaad, 2007.
14. "Who are the Gujjars", **Hindustan Times**, 03-06-2007.
15. ਮੋਹਨ ਤਿਆਗੀ, **ਪੰਜਾਬ ਦੇ ਖਾਨਾਬਦੋਸ਼ ਕਬੀਲੇ**, 2014, ਪੰਨਾ 64.
16. **ਉਹੀ**, ਪੰਨਾ 48.
17. **ਉਹੀ**, ਪੰਨਾ 52.
18. **ਉਹੀ**, ਪੰਨਾ 53-54.
19. **ਉਹੀ**, ਪੰਨਾ 59.
20. **ਉਹੀ**, ਪੰਨਾ 54.
21. **ਉਹੀ**, ਪੰਨਾ 55.
22. ਸੁਖਦੇਵ ਸਿੰਘ ਸੇਖੋਂ, ਗੁੱਜਰ ਕਬੀਲੇ ਦੇ ਲੋਕਗੀਤ, 2003,ਪੰਨਾ 20.
23. ਡਾ.ਦਰਿਆ, ਪੰਜਾਬ ਦੇ ਕਬੀਲੇ:ਅਤੀਤ ਤੇ ਵਰਤਮਾਨ,2014, ਪੰਨਾ 130.
24. **ਉਹੀ**,ਪੰਨਾ 66.
25. **ਉਹੀ.**
26. ਸੁਖਦੇਵ ਸਿੰਘ ਸੇਖੋਂ, **ਉਹੀ**, ਪੰਨਾ 30-31.

◈